# ਦਫ਼ਤਰ: ਕਾਰਜਕਾਰੀ ਇੰਜੀਨੀਅਰ / ਐਸ.ਏ.ਐਸ ਨਗਰ

## ਜਲ ਨਿਕਾਸ ਕਮ ਮਾਈਨਿੰਗ ਅਤੇ ਜਿਆਲੋਜੀ ਮੰਡਲ, ਜਲ ਸਰੋਤ ਵਿਭਾਗ ਪੰਜਾਬ

ਪਲਾਟ ਨੰ. ਬੀ-65,ਇੰਡਸਟਰੀਅਲ ਏਰੀਆ, ਫ਼ੇਜ਼-7 ਬੀ, ਐਸ.ਏ.ਐਸ.ਨਗਰ. ਮੋਹਾਲੀ ਪੰਜਾਬ ਈਮੇਲ-xenminingmohali@gmail.com

ਨੰਬਰ 4004-07 /ਡੀ.ਬੀ./30 ਮਿੱਤੀ 5/6/2023

ਵੱਲ-

Suman Divine Homes,
Village Rampur Bhudda, Zirakpur
Tehsil Derabassi, Distt. S.A.S Nagar

ਵਿਸ਼ਾ- **To issue NOC for set up Affordable Residential Group Housing by M/S Suman Divine Homes Project Named as 'Suman Divine Homes' at Village Rampur Bhudda, Zirakpur, Tehsil Derabassi, Distt. S.A.S Nagar, Punjab**

ਹਵਾਲਾ- ਮੁੱਖ ਇੰਜੀਨੀਅਰ, ਜਲ ਨਿਕਾਸ ਕਮ ਮਾਈਨਿੰਗ ਅਤੇ ਜਿਆਲੋਜੀ, ਜੀ ਦੀ ਈ-ਆਫਿਸ ਫਾਈਲ ਨੰ. I/572470/2023 ਮਿੱਤੀ 01/06/2023 ਅਤੇ ਨਿਗਰਾਨ ਇੰਜੀਨੀਅਰ, ਜਲ ਨਿਕਾਸ ਕਮ ਮਾਈਨਿੰਗ ਅਤੇ ਜਿਆਲੋਜੀ, ਹਲਕਾ-ਪਟਿਆਲਾ ਜੀ ਦੇ ਦਫਤਰ ਤੋਂ ਮਿੱਤੀ 2/6/2023 ਨੂੰ ਪ੍ਰਾਪਤ ਈ-ਮੇਲ

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਆਪਦੇ ਪ੍ਰੋਜੈਕਟ **Suman Divine Homes, Situated in Village Rampur Bhudda, Zirakpur, Tehsil Derabassi, Distt. S.A.S Nagar (G.P.S Coordinates 30.628877, 76.807439)** ਲਈ ਇਤਰਾਜਹੀਣਤਾ ਸਰਟਿਫਿਕੇਟ ਸਮਰੱਥ ਅਥਾਰਿਟੀ ਦੀ ਮੰਜ਼ੂਰੀ ਉਪਰੰਤ ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਜਾਰੀ ਕੀਤਾ ਜਾਂਦਾ ਹੈ-

1. ਤਜਵੀਜਤ ਪ੍ਰੋਜੈਕਟ/ਕਲੋਨੀ ਦੀ ਉਸਾਰੀ ਸਮੇਂ ਬਰਸਾਤੀ ਪਾਣੀ ਦੀ ਨਿਕਾਸੀ ਲਈ ਜੇਕਰ ਢੁੱਕਵੀਆਂ ਥਾਵਾਂ ਉੱਪਰ ਪੱਲੀਆਂ ਜਾਂ ਕਿਸੇ ਹੋਰ ਸਟਰਕਚਰ ਦੀ ਉਸਾਰੀ ਕਰਨ ਦੀ ਲੋੜ ਪੈਂਦੀ ਹੈ ਤਾਂ ਡਿਜਾਈਨ ਇਸ ਵਿਭਾਗ ਤੋਂ ਵੈਟ ਕਰਵਾਉਣ ਉਪਰੰਤ ਆਪਣੇ ਖਰਚੇ ਤੇ ਉਸਾਰੀ ਕਰਨ ਲਈ ਕੰਪਨੀ/ਬਿਲਡਰ/ਪ੍ਰੋਜੈਕਟ ਮਾਲਕ ਪਾਬੰਦ ਹੋਵੇਗਾ।
2. ਪੰਜਾਬ ਸਰਕਾਰ, ਜਲ ਸਰੋਤ ਵਿਭਾਗ ਜੀ ਦੇ ਨੋਟਿਫਿਕੇਸ਼ਨ ਨੰ. WR-IRWR03/1W1/8 ਮਿੱਤੀ 6/1/2023 ਅਨੁਸਾਰ ਜੇਕਰ ਕੋਈ ਪੱਕਾ ਸਟਰੱਕਚਰ (**Bridge, Including Ramp and Another Allied works connected to bridges**) ਦਾ ਕੰਮ ਕਰਵਾਉਣਾ ਹੈ ਤਾਂ ਇਸ ਨੋਟਿਫਿਕੇਸ਼ਨ ਅਨੁਸਾਰ ਇਸ ਦਫਤਰ ਵਿੱਚ ਲੋੜੀਂਦਾ ਪ੍ਰੋਫਾਰਮਾ ਸਮੇਤ ਡਰਾਇੰਗ ਮੁਕੰਮਲ ਰੂਪ ਵਿੱਚ ਕੇਸ ਇਸ ਦਫਤਰ/ਵਿਭਾਗ ਨੂੰ ਐਨ.ਓ.ਸੀ. ਲਈ ਭੇਜਿਆ ਜਾਵੇ।
3. ਤਜਵੀਜਤ ਪ੍ਰੋਜੈਕਟ/ਕਲੋਨੀ ਵਿੱਚ ਕੰਮ ਦੇ ਅੰਦਰੂਨੀ ਬਰਸਾਤੀ ਪਾਣੀ ਦੀ ਨਿਕਾਸੀ ਲਈ ਸਰਕਾਰੀ ਹਦਾਇਤਾਂ ਨੁਸਾਰ ਰੇਨ ਵਾਟਰ ਹਾਰਵੈਸਟਿੰਗ ਟੈਂਕ/ਰੀ ਚਾਰਜਿੰਗ ਵੈੱਲਾਂ ਦੀ ਉਸਾਰੀ ਕਰਨ ਲਈ ਕੰਪਨੀ/ਬਿਲਡਰ/ਪ੍ਰੋਜੈਕਟ ਮਾਲਕ ਪਾਬੰਦ ਹੋਵੇਗਾ।
4. ਜੇਕਰ ਬਰਸਾਤੀ ਪਾਣੀ ਦੇ ਕੁਦਰਤੀ ਵਹਾਅ ਵਿੱਚ ਕੋਈ ਉਸਾਰੀ ਜਾਂ ਰੁਕਾਵਟ ਖੜੀ ਕੀਤੀ ਜਾਂਦੀ ਹੈ ਤਾਂ ਉਸ ਨੂੰ ਦੂਰ/ਰਿਮੂਵ ਕਰਵਾਉਣ ਅਤੇ ਆਉਣ ਵਾਲਾ ਖਰਚਾ ਆਪ ਵੱਲੋਂ ਕੀਤਾ ਜਾਵੇਗਾ।
5. ਤਜਵੀਜਤ ਪ੍ਰੋਜੈਕਟ/ਕਲੋਨੀ ਵਿੱਚਲੇ ਬਰਸਾਤੀ ਪਾਣੀ ਦੇ ਸ਼ੀਟ ਫਲੋਅ ਵਿੱਚ ਆਉਣ ਵਾਲੀ ਰੁਕਾਵਟ ਦੂਰ ਕਰਨ ਲਈ ਬਰਸਾਤੀ ਪਾਣੀ ਦੀ ਨਿਕਾਸੀ ਅਤੇ ਸੀਵਰੇਜ ਦੇ ਯੋਗ ਪ੍ਰਬੰਧ ਕੰਪਨੀ/ਬਿਲਡਰ/ਪ੍ਰੋਜੈਕਟ ਮਾਲਕਾਂ ਵੱਲੋਂ ਕੀਤੇ ਜਾਣਗੇ। ਅਜਿਹਾ ਨਾ ਕਰਨ ਦੀ ਸੂਰਤ ਜੇਕਰ ਬਰਸਾਤੀ ਪਾਣੀ ਦੇ ਵਹਾਅ ਵਿੱਚ ਆਉਣ ਵਾਲੀ ਰੁਕਾਵਟ ਕਾਰਣ ਨੇੜੇ ਦੇ ਇਲਾਕਾ ਨਿਵਾਸੀਆਂ ਦੇ ਹੋਣ ਵਾਲੇ ਨੁਕਸਾਨ ਦੀ ਨਿਰੋਲ ਜ਼ਿਮੇਵਾਰੀ ਕੰਪਨੀ/ਬਿਲਡਰ/ਪ੍ਰੋਜੈਕਟ ਮਾਲਕ ਦੀ ਹੋਵੇਗੀ।
6. ਤਜਵੀਜਤ ਪ੍ਰੋਜੈਕਟ/ਕਲੋਨੀ ਦੇ ਅੱਗੇ ਜੇਕਰ ਰੋਡ ਨਾਲ-ਨਾਲ ਕੋਈ ਸਾਈਡ ਡਰੇਨ ਬਣੀ ਹੋਈ ਹੈ, ਤਾਂ ਉਸ ਦੇ ਕੁਦਰਤੀ ਵਹਾਅ ਵਿੱਚ ਕਿਸੇ ਕਿਸਮ ਦੀ ਰੁਕਾਵਟ ਨਾ ਪਾਈ ਜਾਵੇ ਅਤੇ ਅਤੇ ਹਰ ਬਰਸਾਤੀ ਮੌਸਮ ਤੋਂ ਪਹਿਲਾਂ ਇਸ ਦੀ ਸਫਾਈ ਕਰਵਾਉਣ ਲਈ ਕੰਪਨੀ/ਬਿਲਡਰ/ਪ੍ਰੋਜੈਕਟ ਮਾਲਕ ਪਾਬੰਦ ਹੋਵੇਗਾ
7. ਤਕਨੀਕੀ ਸਲਾਹਕਾਰ ਟੂ ਮਾਣਯੋਗ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਮੀਮੋ ਨੰ. ATPB/74/IRRI/GEN . dated 6/11/2012 ਰਾਹੀਂ ਜਾਰੀ ਹਦਾਇਤਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ ਜੀ।
8. ਤਜਵੀਜਤ ਪ੍ਰੋਜੈਕਟ/ਕਲੋਨੀ ਦੇ ਬਾਹਰਲੇ ਸ਼ੀਟ ਫਲੋਅ ਨੂੰ ਅੱਗੇ ਲੰਘਾਉਣ ਲਈ ਕੰਪਨੀ/ਬਿਲਡਰ ਵੱਲੋਂ ਪ੍ਰੋਜੈਕਟ ਦੀ ਬਾਉਂਡਰੀ ਨਾਲ ਨਾਲ ਆਰ.ਸੀ.ਸੀ. ਪਾਈਪਾਂ ਰਾਹੀਂ ਜਾਂ ਆਰ.ਸੀ.ਸੀ. ਕਲਵਰਟ ਰਾਹੀਂ ਬਰਸਾਤੀ ਪਾਣੀ/ਸ਼ੀਟ ਫਲੋਅ ਦੇ ਪਾਣੀ ਨੂੰ ਅੱਗੇ ਲੰਘਾਉਣ ਲਈ ਪਾਬੰਦ ਕੰਪਨੀ/ਬਿਲਡਰ/ਪ੍ਰੋਜੈਕਟ

P.T.O.

ਮਾਲਕ ਪਾਬੰਦ ਹੋਣਗੇ ਅਤੇ ਇਸ ਦੀ ਡਰਾਇੰਗ ਇਸ ਦਫਤਰ ਤੋਂ ਵੈਟ ਕਰਵਾਉਣੀ ਯਕੀਨੀ ਬਣਾਈ ਜਾਵੇ। ਜੇਕਰ ਕੰਪਨੀ/ਬਿਲਡਰ/ਪ੍ਰੋਜੈਕਟ ਮਾਲਕਾਂ ਵੱਲੋਂ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਉਨ੍ਹਾਂ ਵਿਰੁੱਦ ਨਾਰਦਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ 1873 ਤਹਿਤ ਕਾਰਵਾਈ ਕਾਤੀ ਜਾਵੇਗੀ।

9. ਤਜਵੀਜਤ ਪ੍ਰੋਜੈਕਟ/ਕਲੋਨੀ ਲਈ ਐਕਵਾਇਰ ਕੀਤੀ ਗਈ ਜ਼ਮੀਨ ਵਿੱਚ ਜੇਕਰ ਕੋਈ (ਖਾਲ਼ਾ, ਨਹਿਰ ਅਤੇ ਡਰੇਨ ਦੀ ਜ਼ਮੀਨ ਜਲ ਸਰੋਤ ਵਿਭਾਗ, ਪੰਜਾਬ ਅਧੀਨ ਆਉਂਦੀ ਹੈ ਤਾਂ ਉਨ੍ਹਾਂ ਖਸਰਾ ਨਬਰਾਂ ਵਿੱਚ ਕੋਈ ਵੀ ਛੇੜਛਾੜ ਨਾ ਕੀਤੀ ਜਾਵੇ।

10. ਪੰਜਾਬ ਸਰਕਾਰ, ਜਲ ਸਰੋਤ ਵਿਭਾਗ (ਮਾਈਨਜ਼ ਅਤੇ ਜਿਆਲੋਜੀ) ਵੱਲੋਂ ਨੋਟੀਫਿਕੇਸ਼ਨ ਨੰ. 11/4/2022-PJ-6/338 ਮਿੱਤੀ 24/8/2022 ਰਾਹੀਂ ਜਾਰੀ "Punjab State and Gravel Mining Policy, 2022" ਨੂੰ ਸਬੰਧਤ ਬਿਲਡਰ ਮੰਨਣ ਲਈ ਪਾਬੰਦ ਹੋਵੇਗਾ। ਜੇਕਰ ਬਿਲਡਰ ਵੱਲੋਂ ਅਜਿਹਾ ਨਹੀਂ ਕੀਤਾ ਜਾਂਦਾ ਹੈ, ਤਾਂ ਐਨ.ਓ.ਸੀ ਬਿਨ੍ਹਾਂ ਕਿਸੇ ਨੋਟਿਸ ਤੋਂ ਰੱਦ ਕਰਨ ਦਾ ਅਧਿਕਾਰ ਜਲ ਸਰੋਤ ਵਿਭਾਗ, ਪੰਜਾਬ ਕੋਲ ਰਾਖਵਾਂ ਹੋਵੇਗਾ।

11. ਤਜਵੀਜਤ ਪ੍ਰੋਜੈਕਟ/ਕਲੋਨੀ ਵਿੱਚੋਂ ਨਿਕਲਣ ਵਾਲ਼ੇ ਗੰਦੇ ਪਾਣੀ ਨੂੰ ਟ੍ਰੀਟ ਕਰਨ ਉਪਰੰਤ ਇਰਿਗੇਸ਼ਨ ਲਈ ਵਰਤੋਂ ਵਿੱਚ ਲਿਆਂਦਾ ਜਾਵੇ ਅਤੇ ਬਰਸਾਤੀ ਪਾਣੀ ਨੂੰ ਸਟੋਰੇਜ ਟੈਂਕ ਰਾਹੀਂ ਰਿਚਾਰਜ ਕਰਨ ਸਬੰਧੀ ਸਬੰਧਤ ਵਿਭਾਗ ਤੋਂ ਪ੍ਰਵਾਨਗੀ/ਐਨ.ਓ.ਸੀ. ਲੈਣ ਲਈ ਕੰਪਨੀ/ਬਿਲਡਰ/ਪ੍ਰੋਜੈਕਟ ਮਾਲਕ ਪਾਬੰਦ ਹੋਵੇਗਾ।

12. ਕੰਪਨੀ/ਬਿਲਡਰ/ਪ੍ਰੋਜੈਕਟ ਮਾਲਕਾਂ ਵੱਲੋਂ ਉੱਕਤ ਤਜਵੀਜਤ ਸਾਈਟ ਦੀ ਬਾਊਂਡਰੀ ਵਾਲ ਦੀ ਲੰਬਾਈ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਲਈ 2 * 2 ਦੇ ਹੋਲ (PEFORATIONS) ਬਣਾਉਣੇ ਯਕੀਨੀ ਬਣਾਏ ਜਾਣ। ਜੇਕਰ ਕੰਪਨੀ/ਬਿਲਡਰ/ਪ੍ਰੋਜੈਕਟ ਮਾਲਕਾਂ ਵੱਲੋਂ ਉੱਕਤ ਦਰਸਾਈਆਂ ਸ਼ਰਤਾਂ ਦੀ ਪਾਲਣਾ ਨਹੀ ਕੀਤੀ ਜਾਂਦੀ ਤਾਂ ਉਨ੍ਹਾਂ ਵਿਰੁੱਦ ਨਾਰਦਨ ਇੰਡੀਆ ਕੈਨਾਲ ਐਂਡ ਡਰੇਨੇਜ ਐਕਟ 1873 ਤਹਿਤ ਕਾਰਵਾਈ ਕੀਤੀ ਜਾਵੇਗੀ ਅਤੇ ਇਹ ਐਨ.ਓ.ਸੀ. ਰੱਦ ਕਰ ਦਿੱਤੀ ਜਾਵੇਗੀ।

ਇਹ ਆਪ ਜੀ ਦੀ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਪੇਸ਼ ਹੈ ਜੀ।

ਕਾਰਜਕਾਰੀ ਇੰਜੀਨੀਅਰ/ਐਸ.ਏ.ਐਸ ਨਗਰ
O/c ਜਲ ਨਿਕਾਸ ਕਮ ਮਾਈਨਿੰਗ ਅਤੇ ਜਿਆਲੋਜੀ
ਮੰਡਲ, ਜਲ ਸਰੋਤ ਵਿਭਾਗ, ਪੰਜਾਬ

ਕਾਪੀ-

1. ਮੁੱਖ ਇੰਜੀਨੀਅਰ, ਜਲ ਨਿਕਾਸ ਕਮ ਮਾਈਨਿੰਗ ਅਤੇ ਜਿਆਲੋਜੀ, ਪੰਜਾਬ, ਚੰਡੀਗੜ੍ਹ ਜੀ ਨੂੰ ਈ-ਆਫਿਸ ਫਾਈਲ ਨੰ. I/572470/2023 ਮਿੱਤੀ 01/06/2023 ਦੇ ਸਬੰਧ ਵਿੱਚ ਸੂਚਨਾ ਹਿੱਤ। (ਈ-ਮੇਲ ਰਾਹੀਂ)
2. ਨਿਗਰਾਨ ਇੰਜੀਨੀਅਰ, ਜਲ ਨਿਕਾਸ ਕਮ ਮਾਈਨਿੰਗ, ਹਲਕਾ ਪਟਿਆਲ਼ਾ ਜੀ ਤੋਂ ਮਿੱਤੀ 2/6/2023 ਨੂੰ ਪ੍ਰਾਪਤ ਈ-ਮੇਲ ਦੇ ਸਬੰਧ ਵਿੱਚ ਸੂਚਨਾ ਹਿੱਤ। (ਈ-ਮੇਲ ਰਾਹੀਂ)
3. ਉੱਪ ਮੰਡਲ ਅਫਸਰ, ਡੇਰਾਬੱਸੀ ਨੂੰ ਸੂਚਨਾ ਹਿੱਤ। (ਈ-ਮੇਲ ਰਾਹੀਂ)